# Meeting between External Affairs Minister and Foreign Minister of Maldives

August 13, 2020

………………………………………………………………………………………

## ਵਿਦੇਸ਼ ਮੰਤਰੀ ਅਤੇ ਮਾਲਦੀਵ ਦੇ ਵਿਦੇਸ਼ ਮੰਤਰੀ ਦੀ ਮੁਲਾਕਾਤ

13 ਅਗਸਤ, 2020

1. ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ (EAM) ਅਤੇ ਮਾਲਦੀਵ ਦੇ ਵਿਦੇਸ਼ ਮੰਤਰੀ ਅਬਦੁੱਲਾ ਸ਼ਾਹਿਦ ਨੇ ਵੀਡੀਓ ਕਾਨਫਰੰਸ ਦੇ ਜ਼ਰੀਏ 13 ਅਗਸਤ, 2020 ਨੂੰ ਮੁਲਾਕਾਤ ਕੀਤੀ।

2. ਇਹ ਗੱਲਬਾਤ ਭਾਰਤ ਅਤੇ ਮਾਲਦੀਵ ਵਿਚਾਲੇ ਨਿਯਮਤ ਉੱਚ ਪੱਧਰੀ ਵਟਾਂਦਰੇ ਦਾ ਹਿੱਸਾ ਸੀ। ਇਸ ਮੁਲਾਕਾਤ ਦੇ ਮੌਕੇ 'ਤੇ ਦੁਵੱਲੇ ਸੰਬੰਧਾਂ ਦੀ ਸਮੀਖਿਆ ਕੀਤੀ ਗਈ ਅਤੇ COVID-19 ਦੇ ਪ੍ਰਸੰਗ ਵਿੱਚ ਅਤੇ ਦੁਵੱਲੀ ਭਾਈਵਾਲੀ ਬਾਰੇ ਕੁਝ ਮਹੱਤਵਪੂਰਣ ਐਲਾਨ ਕੀਤੇ ਗਏ। ਦੋਨਾਂ ਮੰਤਰੀਆਂ ਨੇ ਭਾਰਤ ਅਤੇ ਮਾਲਦੀਵ ਵਿਚਾਲੇ ਸਮੇਂ ਨਾਲ ਪਰਖੇ ਸਬੰਧਾਂ ਦੇ ਹਾਲਾਤ ਦਾ ਜਾਇਜ਼ਾ ਲਿਆ ਅਤੇ ਇਸ ਗੱਲ 'ਤੇ ਤੱਸਲੀ ਪ੍ਰਗਟਾਈ ਕਿ COVID -19 ਮਹਾਂਮਾਰੀ ਦੁਵੱਲੇ ਸਹਿਯੋਗ ਦੀ ਰਫਤਾਰ ਨੂੰ ਨਹੀਂ ਘਟਾ ਸਕੀ ਹੈ। ਵਿਦੇਸ਼ ਮੰਤਰੀ ਨੇ ਭਾਰਤੀ ਲੋਕਾਂ ਅਤੇ ਭਾਰਤ ਸਰਕਾਰ ਵੱਲੋਂ ਮਾਲਦੀਵ ਦੇ ਲੋਕਾਂ ਅਤੇ ਮਾਲਦੀਵ ਦੀ ਸਰਕਾਰ ਨੂੰ ਵਧਾਈਆਂ ਵੀ ਦਿੱਤੀਆਂ ਅਤੇ ਰਾਸ਼ਟਰਪਤੀ ਸੋਲੀਹ ਨੂੰ ਭਰੋਸਾ ਦਿਵਾਇਆ ਕਿ ਇਸ ਔਖੇ ਸਮੇਂ ਭਾਰਤ ਦੌਰਾਨ ਆਪਣੇ ਨੇੜਲੇ ਸਮੁੰਦਰੀ ਗੁਆਂਢੀ ਅਤੇ ਦੋਸਤ ਦੇ ਨਾਲ ਇੱਕਜੁਟ ਹੋ ਕੇ ਖੜ੍ਹਾ ਹੈ।

3. ਵਿਦੇਸ਼ ਮੰਤਰੀ ਨੇ ਇਸ ਗੱਲ 'ਤੇ ਖੁਸ਼ੀ ਜ਼ਾਹਰ ਕੀਤੀ ਕਿ ਭਾਰਤ ਅਤੇ ਮਾਲਦੀਵ ਨੇ COVID -19 ਮਹਾਂਮਾਰੀ ਨਾਲ ਨਜਿੱਠਣ ਦੇ ਮਾਮਲੇ ਵਿੱਚ ਨੇੜੇ ਮਿਲਕੇ ਕੰਮ ਕੀਤਾ ਹੈ ਅਤੇ ਇਹ ਵੀ ਕਿਹਾ ਕਿ ਭਾਰਤ ਵੱਲੋਂ ਗੁਆਂਢੀ ਦੇਸ਼ਾਂ ਨੂੰ ਦਿੱਤੀ ਗਈ ਮਦਦ ਦੇ ਮਾਮਲੇ 'ਚ ਮਾਲਦੀਵ ਸਭ ਤੋਂ ਵੱਡਾ ਲਾਭਪਾਤਰੀ ਹੈ। ਵਿਦੇਸ਼ ਮੰਤਰੀ ਨੇ ਇਸ ਮਹਾਂਮਾਰੀ ਦੇ ਸਿਹਤ ਸੰਬੰਧੀ ਅਤੇ ਆਰਥਿਕ ਪ੍ਰਭਾਵ ਨੂੰ ਘੱਟ ਕਰਨ ਲਈ ਮਾਲਦੀਵ ਨੂੰ ਹਰ ਮੁਮਕਿਨ ਮਦਦ ਦੇਣ ਪ੍ਰਤੀ ਭਾਰਤ ਦੀ ਅਟੁੱਟ ਵਚਨਬੱਧਤਾ ਮੁੜ ਤੋਂ ਦੁਹਰਾਈ। ਭਾਰਤੀ ਵਿਦੇਸ਼ ਮੰਤਰੀ ਅਤੇ ਵਿਦੇਸ਼ ਮੰਤਰੀ ਸ਼ਾਹਿਦ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਵਧੇਰੇ ਕਨੈਕਟੀਵਿਟੀ ਨਾਲ ਖੁਸ਼ਹਾਲੀ ਆਉਂਦੀ ਹੈ।

4. DVC ਦੇ ਮੌਕੇ 'ਤੇ ਹੇਠ ਲਿਖੇ ਐਲਾਨ ਕੀਤੇ ਗਏ:

(i) ਗ੍ਰੇਟਰ ਮਾਲੇ ਕਨੈਕਟੀਵਿਟੀ ਪ੍ਰੋਜੈਕਟ (GMCP):

ਮਾਲਦੀਵ ਸਰਕਾਰ ਦੀ ਬੇਨਤੀ ਦੇ ਪ੍ਰਤੀਕਰਮ ਵਜੋਂ ਵਿਦੇਸ਼ ਮੰਤਰੀ ਨੇ ਭਾਰਤ ਸਰਕਾਰ ਵੱਲੋਂ ਮਾਲਦੀਵ ਵਿੱਚ GMCP ਨੂੰ ਲਾਗੂ ਕਰਨ ਵਿੱਚ ਮਦਦ ਦੇਣ ਦੇ ਫੈਸਲੇ ਦਾ ਐਲਾਨ ਕਰਦੇ ਹੋਏ ਇੱਕ ਵਿੱਤੀ ਪੈਕੇਜ ਦੇਣ ਦਾ ਵੀ ਐਲਾਨ ਕੀਤਾ, ਜਿਸ ਵਿੱਚ 10 ਕਰੋੜ ਡਾਲਰ ਦੀ ਗਰਾਂਟ ਅਤੇ 40 ਕਰੋੜ ਡਾਲਰ ਦਾ ਨਵਾਂ ਕਰਜ਼ਾ ਸ਼ਾਮਿਲ ਹੈ। ਵਿਦੇਸ਼ ਮੰਤਰੀ ਨੇ ਕਿਹਾ ਕਿ ਇਹ ਮਾਲਦੀਵ ਅੰਦਰ ਸਭ ਤੋਂ ਵੱਡਾ ਨਾਗਰਿਕ ਬੁਨਿਆਦੀ ਢਾਂਚਾ ਪ੍ਰਾਜੈਕਟ ਹੋਵੇਗਾ, ਜਿਸ ਵਿੱਚ 6.7 ਕਿਲੋਮੀਟਰ ਲੰਬੇ ਬ੍ਰਿਜ ਅਤੇ ਕੌਜ਼ਵੇ ਲਿੰਕ ਉਸਾਰ ਕੇ ਮਾਲੇ (ਮਾਲਦੀਵ ਦੀ ਰਾਜਧਾਨੀ) ਨੂੰ ਤਿੰਨ ਗੁਆਂਢੀ ਟਾਪੂਆਂ- ਵਿਲਿੰਗਲੀ, ਗੁਲਹੀਫਾਹੂ (ਜਿੱਥੇ ਇੱਕ ਬੰਦਰਗਾਹ ਭਾਰਤ ਵੱਲੋਂ ਦਿੱਤੇ ਕਰਜ਼ੇ ਨਾਲ ਬਣਾਇਆ ਜਾ ਰਿਹਾ ਹੈ) ਅਤੇ

ਥਿਲਾਫੁਸ਼ੀ (ਨਵਾਂ ਉਦਯੋਗਿਕ ਜ਼ੋਨ) ਨਾਲ ਜੋੜਿਆ ਜਾਵੇਗਾ। ਇਸ ਮਹੱਤਵਪੂਰਣ ਪ੍ਰੋਜੈਕਟ ਦੇ ਮੁਕੰਮਲ ਹੋਣ ਨਾਲ ਚਾਰੋ ਟਾਪੂਆਂ ਵਿਚਾਲੇ ਸੁਚਾਰੂ ਸੰਪਰਕ ਸਥਾਪਤ ਹੋਵੇਗਾ, ਜਿਸ ਨਾਲ ਮਾਲੇ ਖੇਤਰ ਵਿੱਚ ਆਰਥਿਕ ਗਤੀਵਿਧੀ ਨੂੰ ਹੁਲਾਰਾ ਮਿਲੇਗਾ, ਰੁਜ਼ਗਾਰ ਪੈਦਾ ਹੋਣਗੇ ਅਤੇ ਸਮੁੱਚੇ ਸ਼ਹਿਰੀ ਵਿਕਾਸ ਨੂੰ ਹੁਲਾਰਾ ਮਿਲੇਗਾ।

(ii) ਭਾਰਤ ਅਤੇ ਮਾਲਦੀਵ ਵਿਚਾਲੇ ਸਿੱਧੀ ਕਾਰਗੋ ਫੈਰੀ ਸੇਵਾ ਦੀ ਸ਼ੁਰੂਆਤ: ਜੂਨ 2019 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ ਭਾਰਤ ਅਤੇ ਮਾਲਦੀਵ ਵਿਚਕਾਰ ਇੱਕ ਫੈਰੀ ਸੇਵਾ ਸ਼ੁਰੂ ਕਰਨ ਬਾਰੇ ਮਜਲਿਸ ਵਿੱਚ ਕੀਤੇ ਗਏ ਐਲਾਨ ਨੂੰ ਯਾਦ ਕਰਦੇ ਹੋਏ ਵਿਦੇਸ਼ ਮੰਤਰੀ ਨੇ ਐਲਾਨਿਆ ਕਿ ਸਿੱਧੀ ਕਾਰਗੋ ਫੈਰੀ ਸੇਵਾ ਜਲਦੀ ਹੀ ਸ਼ੁਰੂ ਕੀਤੀ ਜਾਵੇਗੀ। ਵਿਦੇਸ਼ ਮੰਤਰੀ ਨੇ ਦੁਵੱਲੇ ਵਪਾਰ ਅਤੇ ਸੰਪਰਕ ਨੂੰ ਵਧਾਉਣ ਅਤੇ ਦੋਵਾਂ ਦੇਸ਼ਾਂ ਦਰਮਿਆਨ ਆਰਥਿਕ ਭਾਈਵਾਲੀ ਨੂੰ ਹੋਰ ਅੱਗੇ ਵਧਾਉਣ ਵਿੱਚ ਇਸ ਸੇਵਾ ਦੇ ਮਹੱਤਵ 'ਤੇ ਚਾਨਣਾ ਪਾਇਆ। ਕਾਰਗੋ ਫੈਰੀ ਸੇਵਾ ਨਾਲ ਸਮੁੰਦਰੀ ਸੰਪਰਕ ਵਧੇਗਾ ਅਤੇ ਮਾਲਦੀਵ ਦੇ ਦਰਾਮਦਕਾਰਾਂ ਅਤੇ ਭਾਰਤੀ ਨਿਰਯਾਤਕਾਰਾਂ ਲਈ ਸਪਲਾਈ ਨੂੰ ਯਕੀਨੀ ਬਣਾਇਆ ਜਾ ਸਕੇਗਾ। ਇਸ ਨਾਲ ਵਪਾਰੀਆਂ ਵੱਲੋਂ ਸਮਾਨ ਮੰਗਵਾਉਣ ਅਤੇ ਭੇਜਣ ਉੱਤੇ ਹੋਣ ਵਾਲੇ ਖਰਚੇ ਅਤੇ ਲੱਗਣ ਵਾਲੇ ਸਮੇਂ ਦੀ ਵੀ ਬੱਚਤ ਹੋਵੇਗੀ।

(iii) ਏਅਰ ਟ੍ਰੈਵਲ ਬਬਲ ਦੀ ਸਿਰਜਣਾ: ਵਿਦੇਸ਼ ਮੰਤਰੀ ਨੇ ਭਾਰਤ ਅਤੇ ਮਾਲਦੀਵ ਵਿਚਕਾਰ ਰੁਜ਼ਗਾਰ, ਸੈਰ-ਸਪਾਟਾ, ਮੈਡੀਕਲ ਐਮਰਜੈਂਸੀ ਆਦਿ ਲਈ ਦੁਵੱਲੀ ਆਵਾਜਾਈ ਨੂੰ ਸੁਖਾਲਾ ਬਣਾਉਣ ਲਈ ਏਅਰ ਟ੍ਰੈਵਲ ਬਬਲ ਬਣਾਉਣ ਦਾ ਐਲਾਨ ਕੀਤਾ। ਸਾਡੇ ਵਿਸ਼ੇਸ਼ ਸੰਬੰਧਾਂ ਦੇ ਮੱਦੇ ਨਜ਼ਰ ਮਾਲਦੀਵ ਅਜਿਹਾ ਪਹਿਲਾ ਗੁਆਂਢੀ ਮੁਲਕ ਹੈ, ਜਿਸ ਨਾਲ ਏਅਰ ਟ੍ਰੈਵਲ ਬਬਲ ਸੰਚਾਲਤ ਕੀਤਾ ਜਾ ਰਿਹਾ ਹੈ। ਇਹ ਏਅਰ ਟ੍ਰੈਵਲ ਬਬਲ ਮਾਲਦੀਵ ਵਿਚ ਸੈਰ-ਸਪਾਟੇ ਅਤੇ ਮਾਲੀਆ ਵਧਾਉਣ ਨੂੰ ਹੁਲਾਰਾ ਦੇਣ ਵਿੱਚ ਭਾਰਤ ਦੀ ਮਦਦ ਦਾ ਪ੍ਰਤੀਕ ਹੈ। ਦੋਨਾਂ ਦੇਸ਼ਾਂ ਅੰਦਰ ਸਿਹਤ ਸੰਬੰਧੀ ਪ੍ਰੋਟੋਕੋਲ ਦਾ ਸਖਤੀ ਨਾਲ ਪਾਲਣ ਕੀਤਾ ਜਾਵੇਗਾ। ਇਸ ਏਅਰ ਬੱਬਲ ਹੇਠ ਪਹਿਲੀ ਫਲਾਈਟ 18 ਅਗਸਤ ਨੂੰ ਸ਼ੁਰੂ ਹੋਣ ਦੀ ਆਸ ਹੈ।

(iv) ਮਾਲਦੀਵ ਨੂੰ ਜ਼ਰੂਰੀ ਵਸਤਾਂ ਦੀ ਸਪਲਾਈ: 1981 ਦੇ ਦੁਵੱਲੇ ਵਪਾਰ ਸਮਝੌਤੇ ਅਧੀਨ ਭਾਰਤ ਦੀ ਵਚਨਬੱਧਤਾ ਪੂਰੀ ਕਰਦੇ ਹੋਏ ਵਿਦੇਸ਼ ਮੰਤਰੀ ਨੇ ਸਾਲ 2020-21 ਲਈ ਮਾਲਦੀਵ ਨੂੰ ਜ਼ਰੂਰੀ ਵਸਤਾਂ ਦੀ ਸਪਲਾਈ ਦਾ ਕੋਟਾ ਮੁੜ ਤੋਂ ਮੰਜ਼ੂਰ ਕਰਨ ਦਾ ਐਲਾਨ ਕੀਤਾ। ਇਨ੍ਹਾਂ ਵਸਤਾਂ ਵਿੱਚ ਖਾਣ-ਪੀਣ ਦੀਆਂ ਚੀਜ਼ਾਂ ਜਿਵੇਂ ਆਲੂ, ਪਿਆਜ਼, ਚਾਵਲ, ਕਣਕ, ਆਟਾ, ਖੰਡ, ਦਾਲਾਂ ਅਤੇ ਆਂਡਿਆਂ ਦੇ ਨਾਲ ਨਾਲ ਨਹਿਰੀ ਰੇਤ ਅਤੇ ਪੱਥਰ ਸ਼ਾਮਲ ਹਨ। ਇਨ੍ਹਾਂ ਕੋਟਿਆਂ ਨਾਲ ਖਾਣ ਪੀਣ ਦੀ ਸੁਰੱਖਿਆ ਅਤੇ ਉਸਾਰੀ ਲਈ ਜ਼ਰੂਰੀ ਵਸਤਾਂ ਦੀ ਸਪਲਾਈ ਯਕੀਨੀ ਹੋ ਸਕੇਗੀ, ਜਿਸ ਨਾਲ ਮਾਲਦੀਵ ਅੰਦਰ ਅਜਿਹੀਆਂ ਜ਼ਰੂਰੀ ਚੀਜ਼ਾਂ ਦਾ ਮਿਲਣਾ ਯਕੀਨੀ ਹੋ ਸਕੇਗਾ ਅਤੇ ਕੀਮਤਾਂ ਦੇ ਮਾਮਲੇ ਵਿੱਚ ਸਥਿਰਤਾ ਆਵੇਗੀ।

ਜਦੋਂ COVID -19 ਮਹਾਂਮਾਰੀ ਦੇ ਦੌਰਾਨ ਸਪਲਾਈ ਚੇਨ 'ਚ ਅੜਚਨ ਆ ਗਈ ਸੀ, ਭਾਰਤ ਨੇ ਮਾਲਦੀਵ ਨੂੰ ਜ਼ਰੂਰੀ ਭੋਜਨ ਅਤੇ ਉਸਾਰੀ ਦੀ ਸਮੱਗਰੀ ਦੀ ਸਪਲਾਈ ਕਰਨਾ ਜਾਰੀ ਰੱਖਿਆ। ਮਈ, 2020 ਵਿੱਚ ਭਾਰਤ ਨੇ ਮਿਸ਼ਨ ਸਾਗਰ ਤੇ ਤਹਿਤ 580 ਟਨ ਜ਼ਰੂਰੀ ਖਾਣ ਪੀਣ ਦਾ ਸਮਾਨ ਤੋਹਫੇ ਦੇ ਤੌਰ ‘ਤੇ ਭੇਟ ਕੀਤਾ ਸੀ।

(v) ਜ਼ਰੂਰੀ ਵਿੱਤੀ ਸਹਾਇਤਾ ਦੇਣਾ: COVID-19 ਦੇ ਹਾਲਾਤ ਕਾਰਨ ਮਾਲਦੀਵ ਅੱਗੇ ਆਈਆਂ ਵਿੱਤੀ ਚੁਣੌਤੀਆਂ ਅਤੇ ਮਾਲਦੀਵ ਨੂੰ ਆਰਥਿਕ ਬਹਾਲੀ ਦੇ ਮਾਮਲੇ 'ਚ ਸਹਾਇਤਾ ਕਰਨ ਪ੍ਰਤੀ ਭਾਰਤ ਦੀ ਵਚਨਬੱਧਤਾ ਦੇ ਮੱਦੇਨਜ਼ਰ, ਵਿਦੇਸ਼

ਮੰਤਰੀ ਨੇ ਭਾਰਤ ਸਰਕਾਰ ਵੱਲੋਂ ਸਿਧਾਂਤਕ ਤੌਰ 'ਤੇ ਮਾਲਦੀਵ ਦੀ ਸਰਕਾਰ ਨੂੰ ਸੌਫਟ ਲੋਨ ਰਾਹੀਂ ਜ਼ਰੂਰੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ। ਦੋਵਾਂ ਧਿਰਾਂ ਦੁਆਰਾ ਇਸ ਕਰਜ਼ੇ ਨੂੰ ਅੰਤਮ ਰੂਪ ਦਿੱਤਾ ਜਾ ਰਿਹਾ ਹੈ।

5. ਵਿਦੇਸ਼ ਮੰਤਰੀ ਸ਼ਾਹਿਦ ਨੇ ਉਨ੍ਹਾਂ ਦੀ ਸਰਕਾਰ ਦੀਆਂ ਵਿਕਾਸ ਸੰਬੰਧੀ ਤਰਜੀਹਾਂ ਨੂੰ ਪੂਰਾ ਕਰਨ ਲਈ ਭਾਰਤ ਸਰਕਾਰ ਵੱਲੋਂ ਚੁੱਕੇ ਕਦਮਾਂ ਦੀ ਡੂੰਘੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਗ੍ਰੇਟਰ ਮਾਲੇ ਕਨੈਕਟੀਵਿਟੀ ਪ੍ਰਾਜੈਕਟ ਭਾਰਤ-ਮਾਲਦੀਵ ਸਬੰਧਾਂ ਵਿੱਚ ਨਵਾਂ ਮੀਲ ਪੱਥਰ ਹੋਵੇਗਾ ਅਤੇ ਮਾਲਦੀਵ ਦੀ ਆਰਥਿਕ ਅਤੇ ਉਦਯੋਗਿਕ ਤਬਦੀਲੀ ਨੂੰ ਅਧਾਰ ਦੇਵੇਗਾ। ਵਿਦੇਸ਼ ਮੰਤਰੀ ਸ਼ਾਹਿਦ ਨੇ ਭਾਰਤ ਵੱਲੋਂ ਸਮੇਂ ਸਿਰ ਵਿੱਤੀ ਮਦਦ ਦੇਣ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਵਿੱਤੀ ਸਹਾਇਤਾ COVID -19 ਸੰਕਟ ਦੇ ਪ੍ਰਭਾਵ ਨਾਲ ਜੂਝ ਰਹੀ ਮਾਲਦੀਵ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਵਿੱਚ ਮਦਦ ਕਰੇਗੀ।

6. ਵਿਦੇਸ਼ ਮੰਤਰੀ ਸ਼ਾਹਿਦ ਨੇ ਭਾਰਤ ਅਤੇ ਮਾਲਦੀਵ ਵਿਚਾਲੇ ਏਅਰ ਟ੍ਰੈਵਲ ਬਬਲ ਅਤੇ ਸਿੱਧੀ ਕਾਰਗੋ ਫੈਰੀ ਸੇਵਾ ਸ਼ੁਰੂ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ। ਇਹ ਦੋਵੇਂ ਕਦਮ ਦੁਵੱਲੇ ਵਪਾਰ ਅਤੇ ਦੋਵਾਂ ਦੇਸ਼ਾਂ ਵਿਚਾਲੇ ਨੇੜਲੇ ਲੋਕਾਂ ਦੇ ਪੱਧਰ 'ਤੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨਗੇ, ਜੋ ਸਾਡੀ ਗਤੀਸ਼ੀਲ ਸਾਂਝੇਦਾਰੀ ਦਾ ਅਧਾਰ ਹਨ।

7. ਨਵੰਬਰ, 2018 ਤੋਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਇਬਰਾਹਿਮ ਮੁਹੰਮਦ ਸੋਲੀਹ ਦੀ ਅਗਵਾਈ ਹੇਠ ਭਾਰਤ ਅਤੇ ਮਾਲਦੀਵ ਸਾਂਝੇਦਾਰੀ ਦੇ ਇੱਕ ਗਤੀਸ਼ੀਲ ਅਤੇ ਉਤਸ਼ਾਹੀ ਸਫ਼ਰ 'ਤੇ ਚੱਲ ਪਏ ਹਨ, ਜੋ ਆਪਸੀ ਵਿਸ਼ਵਾਸ ਅਤੇ ਸਾਂਝੇ ਹਿੱਤਾਂ ’ਤੇ ਅਧਾਰਤ ਸਾਡੇ ਸਦੀਵੀ ਸੰਬੰਧਾਂ ਦੇ ਅਧਾਰ ’ਤੇ ਬਣਿਆ ਹੈ। ਭਾਰਤ ਦੀ ‘ਗੁਆਂਢੀ ਪਹਿਲਾਂ’ ਵਾਲੀ ਵਿਦੇਸ਼ ਨੀਤੀ ਅਤੇ ਮਾਲਦੀਵ ਦੀ ‘ਭਾਰਤ ਪਹਿਲਾਂ’ ਵਾਲੀ ਨੀਤੀ ਇਕ ਦੂਜੇ ਦੀਆਂ ਪੂਰਕ ਹਨ ਅਤੇ ਹੁਣ ਇਨ੍ਹਾਂ ਦੇ ਠੋਸ ਨਤੀਜੇ ਸਾਡੇ ਸਾਹਮਣੇ ਹਨ। ਪ੍ਰਧਾਨ ਮੰਤਰੀ ਮੋਦੀ ਅਤੇ ਰਾਸ਼ਟਰਪਤੀ ਸੋਲੀਹ ਪਿਛਲੇ ਡੇਢ ਸਾਲ ਅੰਦਰ ਚਾਰ ਵਾਰ ਮੁਲਾਕਾਤ ਕਰ ਚੁੱਕੇ ਹਨ। COVID -19 ਦੇ ਹਾਲਾਤ ’ਤੇ ਨਿਰਭਰ ਹੁੰਦੇ ਹੋਏ ਰਾਸ਼ਟਰਪਤੀ ਸੋਲੀਹ ਦੇ ਇਸ ਸਾਲ ਦੇ ਅਖ਼ੀਰ ਵਿੱਚ ਭਾਰਤ ਆਉਣ ਦੀ ਸੰਭਾਵਨਾ ਹੈ।

8. ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਵਿਦੇਸ਼ ਮੰਤਰੀ ਅਬਦੁੱਲਾ ਸ਼ਾਹਿਦ ਨੇ ਦੁਵੱਲੇ ਪ੍ਰਾਜੈਕਟਾਂ ਅਤੇ ਪਹਿਲਾਂ, ਖਾਸ ਤੌਰ 'ਤੇ 80 ਕਰੋੜ ਡਾਲਰ ਦੇ ਕਰਜ਼ ਦੇ ਤਹਿਤ ਹਨ, ਦੇ ਲਾਗੂ ਹੋਣ ਵਿੱਚ ਹੋਈ ਪ੍ਰਾਪਤੀ ਉੱਤੇ ਤਸੱਲੀ ਪ੍ਰਗਟਾਈ। ਦੋਨਾਂ ਆਗੂਆਂ ਨੇ ਮਿਲ ਕੇ ਕੰਮ ਕਰਨਾ ਜਾਰੀ ਰੱਖਣ 'ਤੇ ਸਹਿਮਤੀ ਦਿੱਤੀ, ਤਾਂ ਜੋ ਦੁਵੱਲੇ ਸੰਬੰਧਾਂ ਦਾ ਦਾਇਰਾ ਹੋਰ ਵਢੇਰਾ ਅਤੇ ਡੂੰਘਾ ਕੀਤਾ ਜਾ ਸਕੇ।

ਨਵੀਂ ਦਿੱਲੀ
13 ਅਗਸਤ, 2020

DISCLAIMER : This is an approximate translation. The original is available in English on MEA’s website and may be referred to as the official press release.